**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
ਪੰਜਾਬ।

ਮੀਮੋ ਨੰ: SSA/MIS/2020/176107
ਮਿਤੀ: 29th July 2020

**ਵਿਸ਼ਾ:-** **ਪੈਂਡਿੰਗ ਰੈਫਰੈਂਸਿਜ਼ ਲਈ ਮੋਬਾਇਲ ਐਪ ਬਾਰੇ।**

1.0 ਪਿਛਲੀ ਵੀਡੀਓ ਕਾਨਫਰੰਸ ਦੌਰਾਨ ਹੋਈ ਗੱਲਬਾਤ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਇਹ ਆਮ ਵੇਖਣ ਵਿੱਚ ਆਇਆ ਹੈ ਕਿ ਜਿਲ੍ਹਾ ਸਿੱਖਿਆ ਅਫ਼ਸਰਾਂ ਦੁਆਰਾ ਮੁੱਖ ਦਫ਼ਤਰ ਨੂੰ ਭੇਜੇ ਰੈਫਰੈਂਸਿਜ਼ ਕਾਫ਼ੀ ਲੰਮੇ ਸਮੇਂ ਤੱਕ ਪੈਂਡਿੰਗ ਰਹਿੰਦੇ ਹਨ, ਜਦੋਂ ਕਿ ਕਈ ਵਾਰੀ ਮੁੱਖ ਦਫ਼ਤਰ ਨੂੰ ਇਨ੍ਹਾਂ ਪੈਂਡਿੰਗ ਰੈਫਰੈਂਸਿਜ਼ ਬਾਰੇ ਪਤਾ ਨਹੀਂ ਚੱਲਦਾ। ਇਸੇ ਤਰ੍ਹਾਂ ਮੁੱਖ ਦਫ਼ਤਰ ਦੁਆਰਾ ਭੇਜੇ ਰੈਫਰੈਂਸਿਜ਼ ਜਿਲ੍ਹਾ ਸਿੱਖਿਆ ਅਫ਼ਸਰਾਂ ਦੇ ਦਫ਼ਤਰਾਂ ਵਿੱਚ ਪੈਂਡਿੰਗ ਪਏ ਰਹਿੰਦੇ ਹਨ ਅਤੇ ਇਨ੍ਹਾਂ ਰੈਫਰੈਂਸਿਜ਼ ਬਾਰੇ ਜਿਲ੍ਹਾ ਸਿੱਖਿਆ ਅਫ਼ਸਰਾਂ ਦੇ ਧਿਆਨ ਵਿੱਚ ਨਹੀਂ ਹੁੰਦਾ। ਭਾਵੇਂ ਕਿ ਵਿਭਾਗ ਵੱਲੋਂ ਹਰੇਕ ਜਿਲ੍ਹੇ ਵਿੱਚ ਇੱਕ-ਇੱਕ ਨੋਡਲ ਅਫ਼ਸਰ ਵੀ ਲਗਾਇਆ ਗਿਆ ਹੈ, ਪਰ ਇਨ੍ਹਾਂ ਨੋਡਲ ਅਫ਼ਸਰਾਂ ਦੁਆਰਾ ਵੀ ਇਨ੍ਹਾਂ ਰੈਫਰੈਂਸਿਜ਼ ਨੂੰ ਮੋਨੀਟਰ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

3.0 ਇਸ ਸਾਰੀ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵਿਭਾਗ ਵੱਲੋਂ 'ਡੀ.ਈ.ਓਜ਼, ਰੈਫਰੈਂਸਿਜ਼' ਦੇ ਨਾਂ ਤੇ ਇੱਕ ਐਪ ਬਣਾਈ ਗਈ ਹੈ। ਆਪ ਨੂੰ ਬੇਨਤੀ ਹੈ ਕਿ ਜਦੋਂ ਵੀ ਜਿਲ੍ਹਾ ਸਿੱਖਿਆ ਅਫ਼ਸਰ ਦੁਆਰਾ ਕੋਈ ਰੈਫਰੈਂਸ ਮੁੱਖ ਦਫ਼ਤਰ ਨੂੰ ਭੇਜਿਆ ਜਾਂਦਾ ਹੈ ਜਾਂ ਕਿਸੇ ਰੈਫਰੈਂਸ ਦੀ ਲੋੜ ਹੋਵੇ ਤਾਂ ਇਨ੍ਹਾਂ ਸਾਰੇ ਰੈਫਰੈਂਸਿਜ਼ ਨੂੰ ਇਸ ਐਪ ਤੇ ਅੱਪਲੋਡ ਜਰੂਰ ਕੀਤਾ ਜਾਵੇ। ਬਾਅਦ ਵਿੱਚ ਜਿਲ੍ਹਾ ਸਿੱਖਿਆ ਅਫ਼ਸਰ ਇਸ ਐਪ ਤੇ ਆਪਣੇ ਦੁਆਰਾ ਲਿਖੇ ਪੱਤਰਾਂ ਦਾ ਸਟੇਟਸ ਵੀ ਚੈੱਕ ਕਰ ਸਕਦੇ ਹਨ।

4.0 ਇਸੇ ਤਰ੍ਹਾਂ ਇਹ ਐਪ ਹੇਠਲੇ ਪੱਧਰ ਜਿਵੇਂ ਕਿ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਅਤੇ ਸਕੂਲ ਮੁਖੀਆਂ ਦੁਆਰਾ ਵੀ ਵਰਤੋਂ ਵਿੱਚ ਲਿਆਂਦੀ ਜਾ ਸਕਦੀ ਹੈ।

5.0 ਵਿਭਾਗ ਦੁਆਰਾ ਬਣਾਈ ਗਈ ਐਪ ਦਾ ਐਡਰੈੱਸ ਹੇਠ ਲਿਖੇ ਅਨੁਸਾਰ ਹੈ:-
www.epunjabschool.gov.in

(Go to login > School/Office Login)

**ਸਕੱਤਰ ਸਕੂਲ ਸਿੱਖਿਆ**